

ਜਸਵਿੰਦਰ ਸਿੰਘ ਰਚਿਤ ਨਾਵਲ

# ਮਾਤ ਲੋਕ

## ਜਗਤ ਤੇ ਜੁਗਤ

ਸੰਪਾਦਕ
ਹਰਸਿਮਰਨ ਸਿੰਘ ਰੰਧਾਵਾ

# *Jaswinder Singh Rachit Novel Maat Lok*

## *Jagat ate Jugat*

*Editted by*

**Harsimran Singh Randhawa**

Professor & Chairman, Department of Panjabi

Kurukshetra University, Kurukshetra (Haryana)

© Editor

ISBN : 978-93-80906-79-9

YEAR : 2014

PRICE : (PB) 200

(HB) 350

Published By

Gracious Books

Office : LIG-13 Phase-1 Urban Estate, Patiala.

SCO : 23 Shalimar Plaza Opp. Punjabi University, Patiala.

Ph-91-9815616558, 91-175-5007643

graciousbooks@yahoo.co.in

www.graciousbooks.in

Printed At : Anand Sons, New Delhi.

# ਤਤਕਰਾ

ਮੁਖ-ਸ਼ਬਦ 09

1. ਮਾਤ ਲੋਕ ਦੀ ਲੀਲ੍ਹਾ ਰਚਦਿਆਂ

-ਡਾ. ਜਸਵਿੰਦਰ ਸਿੰਘ/ 11

2. ਮਾਤ ਲੋਕ : ਅਧਿਐਨ-ਮੂਲਕ ਪੜ੍ਹਤ

-ਡਾ. ਸੁਖਦੇਵ ਸਿੰਘ ਖਾਹਰਾ/ 15

3. ਮਾਤ ਲੋਕ ਦਾ ਕਲਾ ਪੱਖ

-ਡਾ. ਧਨਵੰਤ ਕੌਰ/ 26

4. ਮਾਤ ਲੋਕ : ਨਵੇਂ ਯਥਾਰਥ ਅਤੇ ਨਵੇਂ ਪ੍ਰਤਿਮਾਨਾਂ ਦਾ ਬਿਰਤਾਂਤ

-ਡਾ. ਗੁਰਪਾਲ ਸਿੰਘ ਸੰਧੂ/ 53

5. ਮਾਤ ਲੋਕ ਦੇ ਰਿਸ਼ਤਿਆਂ ਵਿਚ-ਪਿਆਰ, ਨਫਰਤ ਤੇ ਹਿੰਸਾ ਦੀ ਭਾਸ਼ਾ

-ਡਾ. ਪਰਮਜੀਤ ਸਿੰਘ ਢੀਂਗਰਾ/ 63

6. ਮਾਤ ਲੋਕ : ਨਾਵਲੀ ਸੁਹਜ ਦੇ ਪ੍ਰਤਿਮਾਨਾਂ ਦੀ ਤਲਾਸ਼

-ਡਾ. ਰਜਨੀਸ਼ ਬਹਾਦਰ ਸਿੰਘ/ 78

7. ਮਾਤ ਲੋਕ : 'ਬੰਦਿਆ ਤੂੰ ਬੰਦਾ ਬਣ' ਦਾ ਪ੍ਰਵਚਨ

-ਡਾ. ਹਰਸਿਮਰਨ ਸਿੰਘ ਰੰਧਾਵਾ/ 86

8. ਮਾਤ ਲੋਕ ਨਾਵਲ ਵਿਚ ਕਾਮਨਾ, ਕਲਾ ਅਤੇ ਕਿਰਤ ਦਾ ਸੰਵਾਦੀ-ਬਿਰਤਾਂਤ

-ਡਾ. ਬਲਕਾਰ ਸਿੰਘ/ 95

9. ਮਾਤ ਲੋਕ ਦਾ ਪਾਤਰ-ਸੰਸਾਰ

-ਡਾ. ਗੁਰਮੁਖ ਸਿੰਘ/ 105

10. ਮਾਤ ਲੋਕ : ਕਾਮਨਾ ਦੇ ਆਵੇਸ਼ 'ਚੋਂ ਉਪਜਿਆ ਸੰਕਟ

-ਡਾ. ਪਰਮਜੀਤ ਕੌਰ ਸਿੱਧੂ/ 134

11. ਮਾਤ ਲੋਕ ਦੇ ਪਾਤਰਾਂ ਦਾ ਚਾਹਤ ਤੋਂ ਚਰਿੱਤਰ ਤਕ ਦਾ ਸਫ਼ਰ

-ਪ੍ਰੋ. ਰਮਨ/ 143

12. ਮਾਤ ਲੋਕ : ਮੁਕਤੀ ਦਾ ਪ੍ਰਵਚਨ

-ਡਾ. ਪ੍ਰਿਥਵੀ ਰਾਜ ਥਾਪਰ/ 148

13. ਮਾਤ ਲੋਕ : ਮਨੁੱਖੀ ਰਿਸ਼ਤਿਆਂ ਦਾ ਬਿਰਤਾਂਤ

-ਡਾ. ਕੁਲਦੀਪ ਸਿੰਘ/ 155

14. **ਮਾਤ ਲੋਕ** : ਵਿਅਕਤੀਗਤ ਤੇ ਸਮਾਜਕ ਪ੍ਰਤਿਮਾਨਾਂ ਦਾ ਅੰਤਰ-ਯੁੱਧ
-ਡਾ. ਗੁਰਮੀਤ ਕੌਰ/ 167

15. **ਮਾਤ ਲੋਕ** : ਜਟਿਲ ਅਤੇ ਗੰਭੀਰ ਬਿਰਤਾਂਤ ਦੀ ਸਿਰਜਣਾ
-ਡਾ. ਗਗਨਦੀਪ ਕੌਰ/ 172

16. **ਮਾਤ ਲੋਕ** : ਵਸਤੂਗਤ ਅਧਿਐਨ
-ਡਾ.ਜੀਤ ਸਿੰਘ/ 179

17. **ਮਾਤ ਲੋਕ** : ਬਹੁ-ਪਰਤੀ ਕਥਾ ਦਾ ਸਹਿਜ-ਭਾਵੀ ਪ੍ਰਗਟਾਅ
-ਡਾ. ਬੀਰਬਲ ਸਿੰਘ/ 192

18. **ਮਾਤ ਲੋਕ** : ਅਮੋੜ ਕਾਮਨਾਵਾਂ ਤੇ ਅਸੰਤੁਲਿਤ ਮਨੁੱਖੀ ਜੀਵਨ ਦਾ ਬਿਰਤਾਂਤ
-ਸ਼ਾਲੂ ਦੇਵੀ/ 200

19. **ਮਾਤ ਲੋਕ** : ਪੰਜਾਬੀ ਸਭਿਆਚਾਰਕ ਪਰਿਵਰਤਨ ਦਾ ਗਲਪੀ ਪ੍ਰਵਚਨ
-ਗੁਰਪ੍ਰੀਤ ਸਿੰਘ ਸੰਗਰਾਣਾ/ 207

20. **ਮਾਤ ਲੋਕ** : ਪੰਜਾਬੀ ਜੀਵਨ ਯਥਾਰਥ ਦਾ ਗਲਪੀ ਰੂਪਾਂਤਰਣ
-ਹਰਜਿੰਦਰ ਸਿੰਘ ਰਾਮਨਗਰ/217

21. **ਮਾਤ ਲੋਕ** ਨਾਵਲ ਦੀ ਭੂਮਿਕਾ
-ਅਮਰਜੀਤ ਸਿੰਘ ਗਰੇਵਾਲ/ 225

22. ਲੇਖਕ ਸੂਚੀ 234

## ਮਾਤ ਲੋਕ : ਪੰਜਾਬੀ ਜੀਵਨ ਯਥਾਰਥ ਦਾ ਗਲਪੀ ਰੂਪਾਂਤਰਣ

ਹਰਜਿੰਦਰ ਸਿੰਘ ਰਾਮਨਗਰ

ਪੰਜਾਬੀ ਨਾਵਲ ਆਪਣੇ ਮੁੱਢ ਤੋਂ ਹੀ ਯਥਾਰਥ ਧਰਮੀ ਵਿਧਾ ਵਜੋਂ ਪਛਾਣਿਆ ਜਾਂਦਾ ਹੈ। ਨਾਵਲ ਹਮੇਸ਼ਾ ਹੀ ਬੰਦੇ ਦੇ ਜੀਵਨ ਯਥਾਰਥ ਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਵਿਸ਼ੇ-ਵਸਤੂ ਵਜੋਂ ਸਵਿਕਾਰਦਾ ਰਿਹਾ ਹੈ। ਵੈਸੇ ਤਾਂ ਨਾਵਲ ਹੀ ਨਹੀਂ ਸਗੋਂ ਸਮੁੱਚੇ ਸਾਹਿਤ ਅਤੇ ਯਥਾਰਥ ਦਾ ਪਰਸਪਰ ਰਿਸ਼ਤਾ ਬੜਾ ਜਟਿਲ, ਬਹੁ-ਪਰਤੀ ਅਤੇ ਅਸਿੱਧਾ ਹੈ। ਸਾਹਿਤਕਾਰ ਸਮਾਜਕ ਯਥਾਰਥ ਵਿਚੋਂ ਪ੍ਰਾਪਤ ਕੀਤੇ ਅਨੁਭਵਾਂ ਅਤੇ ਵਾਸਤਵਿਕ ਵੇਰਵਿਆਂ ਨੂੰ ਮੁੜ ਤੋਂ ਆਪਣੀ ਚੇਤਨਾ ਦੀ ਕਸਵੱਟੀ 'ਤੇ ਪਰਖ ਕੇ ਪੇਸ਼ ਕਰਦਾ ਹੈ। ਉਹ ਯਥਾਰਥਕ ਜੀਵਨ ਨੂੰ ਅਸਰ-ਅੰਦਾਜ਼ ਕਰਨ ਵਾਲੇ ਤੱਤਾਂ, ਸ਼ਕਤੀਆਂ, ਸਮਾਜਕ, ਰਾਜਸੀ ਮਸਲਿਆਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।[1] ਇਨ੍ਹਾਂ ਮਸਲਿਆਂ ਨੂੰ ਵਧੇਰੇ ਸਮੱਗਰਤਾ ਅਤੇ ਵਿਸ਼ਾਲ ਕੈਨਵਸ 'ਤੇ ਪੇਸ਼ ਕਰਨ ਲਈ ਨਾਵਲ ਵਿਧਾ ਵਧੇਰੇ ਕਾਰਗਰ ਨਜ਼ਰ ਆਉਂਦੀ ਹੈ। ਨਾਵਲ ਇਕ ਨਿਰੰਤਰ ਵਿਕਾਸਸ਼ੀਲ ਸਾਹਿਤਕ ਰੂਪ ਹੈ ਜੋ ਮਨੁੱਖੀ ਗਿਆਨ ਅਤੇ ਸੁਹਜ-ਚੇਤਨਾ ਦੇ ਵਿਕਾਸ ਦੇ ਅਨੁਰੂਪ ਆਪਣੇ ਆਪ ਨੂੰ ਢਾਲਦਾ ਰਹਿੰਦਾ ਹੈ। ਇਹ ਸਮਾਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਰਚਨਾਤਮਕ ਹੁੰਗਾਰਾ ਦਿੰਦਾ ਹੋਇਆ ਘਟਨਾਵਾਂ ਦੇ ਖਿਲਾਰੇ ਵਿਚੋਂ ਇਕ ਵਿਉਂਤਬਧ ਸਾਰਥਕ ਚਿਹਨਕੀ ਜਗਤ ਉਸਾਰਦਾ ਹੈ।[2] ਇਹ ਚਿਹਨਕੀ ਜਗਤ ਵੀ ਪਾਠਕ ਲਈ ਮਨੁੱਖੀ ਜੀਵਨ ਯਥਾਰਥ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ।

ਨਾਵਲ ਸਾਹਿਤ ਦਾ ਅਜਿਹਾ ਆਧੁਨਿਕ ਸਾਹਿਤ ਰੂਪ ਹੈ ਜੋ ਮਨੁੱਖੀ ਜੀਵਨ ਯਥਾਰਥ ਦੀਆਂ ਜਟਿਲਤਾਵਾਂ ਨੂੰ ਉਨ੍ਹਾਂ ਦੀ ਸਮੁੱਚਤਾ ਵਿਚ ਪੇਸ਼ ਕਰਨ ਦੇ ਸਮਰੱਥ ਹੈ। ਜਿਉਂ-ਜਿਉਂ ਮਨੁੱਖੀ ਜੀਵਨ ਗੁੰਝਲਦਾਰ ਹੁੰਦਾ ਗਿਆ ਹੈ ਤਿਉਂ-ਤਿਉਂ ਨਾਵਲੀ ਬਿਰਤਾਂਤ ਵੀ ਜਟਿਲ ਤੋਂ ਜਟਿਲਤਰ ਹੁੰਦਾ ਗਿਆ ਹੈ। ਅਜੋਕੇ ਮਨੁੱਖ ਦਾ ਜੀਵਨ ਸਰਲ/ਸਾਦਾ ਨਹੀਂ ਰਿਹਾ। ਵਿਗਿਆਨਕ ਖੋਜਾਂ, ਤਕਨਾਲੋਜੀ ਦੇ ਵਿਕਾਸ ਅਤੇ ਸੰਚਾਰ-ਸਾਧਨਾਂ ਵਿਚ ਆਏ ਪਰਿਵਰਤਨਾਂ ਨਾਲ ਮਨੁੱਖ ਦੀ ਉਤਪਾਦਨ ਸਮਰੱਥਾ, ਉਤਪਾਦਨ ਦੀਆਂ ਵਿਧੀਆਂ ਅਤੇ ਉਤਪਾਦਨ-ਸੰਬੰਧਾਂ ਵਿਚ ਬੁਨਿਆਦੀ ਪਰਿਵਰਤਨ ਵਾਪਰੇ ਹਨ। ਸਿੱਟੇ ਵਜੋਂ ਸਮਾਜਕ-ਆਰਥਿਕ ਸੰਰਚਨਾਵਾਂ ਵਿਚ ਵੀ ਮਹੱਤਵਪੂਰਨ ਤਬਦੀਲੀਆਂ ਹੋਈਆਂ ਹਨ। ਅੱਗੋਂ ਇਨ੍ਹਾਂ ਤਬਦੀਲੀਆਂ ਨੇ ਮਨੁੱਖ ਦੀ ਮਾਨਸਿਕਤਾ ਅਤੇ ਵਿਵਹਾਰ ਨੂੰ ਨਵੇਂ ਪਾਸਾਰ ਤੇ ਦਿਸ਼ਾਵਾਂ ਦਿੱਤੀਆਂ ਹਨ। ਪੁਰਾਣੀਆਂ ਸਮਾਜਕ-ਆਰਥਿਕ ਸੰਰਚਨਾਵਾਂ ਦੇ ਨਾਲ-ਨਾਲ ਸਭਿਆਚਾਰਕ ਮੁੱਲ ਵਿਧਾਨ, ਦਾਰਸ਼ਨਿਕ ਮਾਨਤਾਵਾਂ, ਵਿਸ਼ਵਾਸਾਂ,

ਨੈਤਿਕਤਾ ਅਤੇ ਸੁਹਜ-ਸੁਆਦ ਦਾ ਵੀ 'ਅੰਤ' ਹੋਇਆ ਹੈ।[3] ਮਨੁੱਖ ਨੂੰ ਬੇਮੁਹਾਰ ਕਾਮਨਾਵਾਂ ਅਤੇ ਪੈਸਾਮੁਖੀ ਕੀਮਤ ਪ੍ਰਬੰਧ ਨੇ ਆਪਣੀ ਗ੍ਰਿਫ਼ਤ ਵਿਚ ਜਕੜ ਲਿਆ ਹੈ। ਇਨ੍ਹਾਂ ਕਾਮਨਾਵਾਂ ਦੇ ਮੱਕੜ-ਜਾਲ ਵਿਚ ਉਲਝੇ ਮਨੁੱਖਾਂ ਦੇ ਜੀਵਨ ਯਥਾਰਥ ਨੂੰ ਜਸਵਿੰਦਰ ਸਿੰਘ ਦਾ ਨਾਵਲ **ਮਾਤ ਲੋਕ** ਸਮੱਗਰ ਰੂਪ ਵਿਚ ਪੇਸ਼ ਕਰਦਾ ਹੈ।

**ਮਾਤ ਲੋਕ** ਪੰਜਾਬੀ ਨਾਵਲ ਜਗਤ ਵਿਚ ਨਵੇਂ ਆਯਾਮ ਸਿਰਜਦਾ ਹੈ। ਇਹ ਪੰਜਾਬ ਦੇ ਸਮਕਾਲੀ ਜੀਵਨ ਯਥਾਰਥ ਨੂੰ ਨਿਰਧਾਰਤ ਕਰਨ ਵਾਲੇ ਸਮਾਜਕ, ਆਰਥਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਸਰੋਕਾਰਾਂ ਦਾ ਗਲਪੀ ਰੂਪਾਂਤਰਣ ਕਰਦਾ ਹੋਇਆ ਵਿਸ਼ਾਲ ਕੈਨਵਸ 'ਤੇ ਫੈਲਦਾ ਹੈ। ਪੰਜਾਬ ਦੇ ਸਮਕਾਲੀ ਜੀਵਨ ਯਥਾਰਥ ਦੇ ਬਹੁ-ਪਰਿਪੇਖੀ ਗਲਪੀ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪਿਆ ਇਹ ਨਾਵਲ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਸੰਕਟਾਂ/ ਦੁਸ਼ਵਾਰੀਆਂ/ ਝੋਰਿਆਂ ਨੂੰ ਅਗਰਭੂਮੀ 'ਤੇ ਲਿਆਉਣ, ਭਵਿੱਖੀ ਤਣਾਵਾਂ ਨੂੰ ਤਲਾਸ਼ਣ ਅਤੇ ਨਵੀਆਂ ਸੰਭਾਵਨਾਵਾਂ ਨੂੰ ਪਛਾਣਨ ਵਿਚ ਵਧੇਰੇ ਰੁਚਿਤ ਨਜ਼ਰ ਆਉਂਦਾ ਹੈ। ਇਸ ਨਾਵਲ ਵਿਚ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਸੰਕਟਾਂ ਅਤੇ ਬੇਮੁਹਾਰ ਹੁੰਦੀਆਂ ਕਾਮਨਾਵਾਂ ਦੇ ਮੂੰਹ ਆਏ **ਮਾਤ ਲੋਕ** ਦੇ ਵਾਸੀਆਂ ਨੂੰ ਆਪਣੇ ਵਿਸ਼ਾਲ ਅਨੁਭਵ ਤੇ ਪ੍ਰਤੱਖਣੀ ਦ੍ਰਿਸ਼ਟੀ ਤੋਂ ਗਲਪੀ ਪੈਰਾਡਾਇਮ ਵਿਚ ਏਨੀ ਖ਼ੂਬਸੂਰਤੀ ਨਾਲ ਸਿਰਜਣ ਦੀ ਜਸਵਿੰਦਰ ਸਿੰਘ ਦੀ ਵਿਸ਼ੇਸ਼ ਪ੍ਰਾਪਤੀ ਨਜ਼ਰ ਆਉਂਦੀ ਹੈ। ਨਾਵਲਕਾਰ ਸੰਸਕ੍ਰਿਤੀ ਦੇ ਕਿਸੇ ਅੰਗ ਨੂੰ ਪੂਰੇ, ਭਰਵੇਂ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਤਾਂ ਹੀ ਚਿੱਤਰ ਸਕਦਾ ਹੈ ਜੇ ਉਸ ਨੂੰ, ਉਸ ਜ਼ਿੰਦਗੀ ਦਾ ਅਨੁਭਵ ਹੋਵੇ ਜਿਸ ਵਿਚੋਂ ਉਹ ਅੰਗ ਪੈਦਾ ਹੋਇਆ ਹੈ। ਅਨੁਭਵ ਵਾਸਤਵਿਕ ਜੀਵਨ ਦੀ ਕਿਸੇ ਘਟਨਾ, ਪਾਤਰ ਜਾਂ ਵਸਤੂ ਪ੍ਰਤੀ ਲੇਖਕ ਦਾ ਨਿੱਜੀ ਪ੍ਰਤੀਕਰਮ ਹੁੰਦਾ ਹੈ।[4] ਇਸ ਸੰਦਰਭ ਵਿਚ ਜਸਵਿੰਦਰ ਸਿੰਘ ਦਾ ਅਨੁਭਵ ਬੜਾ ਵਿਸ਼ਾਲ ਹੈ ਜਿਸ ਤਹਿਤ **ਮਾਤ ਲੋਕ** ਵਰਗਾ ਵੱਡ ਅਕਾਰੀ ਨਾਵਲ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਅਤੇ ਮਾਤਲੋਕੀਆਂ ਦੇ ਅੰਦਰੂਨੀ ਤੇ ਬਹਿਰੂਨੀ ਭੇੜਾਂ ਨੂੰ ਆਪਣਾ ਰਚਨਾ-ਵਸਤੂ ਬਣਾਉਂਦਾ ਹੈ।

**ਮਾਤ ਲੋਕ** ਨਾਵਲ ਦਾ ਮੁਖ ਬਿਰਤਾਂਤ ਆਪਣੀਆਂ ਬੇ-ਲਗਾਮ ਹੋਈਆਂ ਕਾਮਨਾਵਾਂ 'ਤੇ ਸਵਾਰ ਹੋਏ ਪਾਤਰਾਂ ਦੀ ਜ਼ਿੰਦਗੀ ਦੇ ਯਥਾਰਥ ਦੀ ਪਰਿਕਰਮਾ ਕਰਦਾ ਹੈ। ਇਹ ਪਾਤਰ ਬੰਦ ਸਭਿਆਚਾਰਕ ਸਿਸਟਮਾਂ ਤੋਂ ਖੁੱਲ੍ਹੇ ਸਭਿਆਚਾਰਕ ਸਿਸਟਮਾਂ ਵੱਲ ਜਾਣ ਦਾ ਯਤਨ ਤਾਂ ਕਰਦੇ ਹਨ ਪਰ ਹੋਣੀ ਬਣੇ ਸੰਕਟ ਇਨ੍ਹਾਂ ਦਾ ਪਿੱਛਾ ਨਹੀਂ ਛੱਡਦੇ। ਇਹ 'ਮਾਤ ਲੋਕ' ਤੋਂ 'ਦੇਵ ਲੋਕ' ਵੱਲ ਜਾਣ ਦਾ ਸੁਪਨਾ ਸਿਰਜਦੇ ਹਨ ਜਿਹੜਾ **ਮਾਤ ਲੋਕ** ਦੇ ਯਥਾਰਥ ਨਾਲ ਟਕਰਾਅ ਕੇ ਚਕਨਾਚੂਰ ਹੋ ਜਾਂਦਾ ਹੈ। **ਮਾਤ ਲੋਕ** ਦੇ ਨਾਵਲੀ ਪਾਠ ਵਿਚ ਅਸੀਂ ਵੇਖਦੇ ਹਾਂ ਕਿ ਕਾਮਨਾਵਾਂ ਦੇ ਮੂੰਹ ਜ਼ੋਰ ਵਹਾਅ ਵਿਚ ਵਹਿ ਰਹੇ ਮਨਰਾਜ ਤੇ ਬਲਦੇਵ ਅੰਤਰ-ਧਰਮੀ ਤੇ ਅੰਤਰ-ਜਾਤੀ ਪਿਆਰ ਵਿਆਹ ਕਰਵਾਉਂਦੇ ਹਨ। ਇਸ ਵਿਆਹ ਨੂੰ ਚਾਹੇ ਉਹ

ਕਾਨੂੰਨੀ ਪ੍ਰਕਿਰਿਆ ਰਾਹੀਂ ਨੇਪਰੇ ਚਾੜ੍ਹਦੇ ਹਨ ਪਰ ਪਰਿਵਾਰਕ ਤੇ ਭਾਈਚਾਰਕ ਸੰਸਥਾ ਇਸ ਵਿਆਹ ਨੂੰ ਸਵੀਕਾਰ ਨਹੀਂ ਕਰਦੀ। ਮਨਰਾਜ ਦਾ ਬਲਦੇਵ ਨਾਲ ਕੋਰਟ ਵਿਚ ਵਿਆਹ ਕਰਵਾਉਣ ਦਾ ਸਦਮਾ ਨਾ ਸਹਾਰਦਾ ਹੋਇਆ ਆਸਾ ਸਿੰਘ (ਮਨਰਾਜ ਦਾ ਪਿਤਾ) ਪ੍ਰਾਣ ਤਿਆਗ ਦਿੰਦਾ ਹੈ। ਅੰਤਰ-ਜਾਤੀ ਵਿਆਹ ਕਾਰਨ ਹੀ ਬਦਲੇਵ ਦੀ 'ਮਾਂ' ਮਨਰਾਜ ਨੂੰ ਆਪਣੀ ਨੂੰਹ ਵਜੋਂ ਸਵਿਕਾਰ ਨਹੀਂ ਕਰਦੀ। ਉਹ ਉਸ ਨੂੰ ਕਮਜਾਤ ਆਖਦੀ ਹੈ। ਇਸ ਪਰਿਪੇਖ ਵਿਚ ਸਾਂਝੇ ਪਰਿਵਾਰ ਦੀ ਸੰਸਥਾ ਦੇ ਚੱਲਣ ਲਈ ਸਥਿਤੀਆਂ ਸਾਜਗਾਰ ਨਹੀਂ ਰਹਿੰਦੀਆਂ। ਇਹ ਸਥਿਤੀਆਂ ਦੀ ਹੀ ਵਿਡੰਬਨਾ ਹੈ ਕਿ ਉਹੀ ਬਲਦੇਵ ਜਿਹੜਾ ਮਨਰਾਜ ਤੋਂ ਬਿਨਾ ਜਿਉਣਾ ਸੰਭਵ ਨਹੀਂ ਮੰਨਦਾ ਸੀ, ਉਹ ਉਸ ਤੋਂ ਬੇਮੁਖ ਹੋ ਰਿਹਾ ਹੈ। ਮਨਰਾਜ ਦਾ ਸਕੂਲ ਪ੍ਰਿੰਸੀਪਲ ਬਣਨਾ ਅਤੇ ਸਟੇਟ ਅਵਾਰਡ ਲਈ ਚੁਣੇ ਜਾਣਾ, ਬਲਦੇਵ ਨੂੰ ਪ੍ਰੇਸ਼ਾਨ ਕਰਦਾ ਹੈ। ਘਰੇਲੂ ਖਿਚੋਤਾਣ ਤੇ ਮਨਰਾਜ ਦੀ ਅਫ਼ਸਰੀ ਬਲਦੇਵ ਦੀ ਮਰਦਾਵੀਂ ਹਾਊਂ ਨੂੰ ਵੰਗਾਰਦੀ ਹੈ। ਬਲਦੇਵ ਦਾ ਆਪਣੀ ਕੁਲੀਗ 'ਹੇਮਾ' ਵੱਲ ਹੋਇਆ ਕਾਮੁਕ ਆਕਰਸ਼ਣ ਉਸ ਦਾ ਮਨਰਾਜ ਵੱਲੋਂ ਮੋਹ ਭੰਗ ਕਰਦਾ ਹੈ। ਉਹ ਆਪਣੀ ਕਾਮੁਕ ਪੂਰਤੀ ਹਿਤ ਜਵਾਨ ਤੇ ਖ਼ੂਬਸੂਰਤ ਹੇਮਾ ਨੂੰ ਆਪਣੀ ਅਫ਼ਸਰੀ ਅਤੇ ਉਸ ਉਤੇ ਕੀਤੇ ਅਹਿਸਾਨਾਂ ਦੇ ਇਵਜ਼ ਵਜੋਂ ਭੋਗਦਾ ਹੈ ਤੇ ਉਸ ਨੂੰ ਗਰਭਵਤੀ ਕਰ ਦਿੰਦਾ ਹੈ। ਹੇਮਾ ਇਸ ਨੂੰ ਸੱਚਾ ਪਿਆਰ ਸਮਝ ਕੇ ਬਲਦੇਵ ਨੂੰ ਆਪਣਾ ਸਭ ਕੁਝ ਅਰਪਣ ਹੀ ਨਹੀਂ ਕਰਦੀ ਸਗੋਂ ਉਸ ਨਾਲ ਵਿਆਹ ਵੀ ਕਰਵਾਉਂਣਾ ਚਾਹੁੰਦੀ ਹੈ। ਪਰ ਸਮਾਜਕ ਯਥਾਰਥ ਨਾਲ ਟਕਰਾਅ ਕੇ ਉਸ ਦੀਆਂ ਕਾਮਨਾਵਾਂ ਪਥਰਾ ਜਾਂਦੀਆਂ ਹਨ। ਹੇਮਾ ਦੇ ਘਰਦਿਆਂ ਅਤੇ ਮਨਰਾਜ ਦੇ ਵਿਰੋਧ ਕਰਨ 'ਤੇ ਉਨ੍ਹਾਂ ਦਾ ਪਿਆਰ ਵਿਆਹ ਕਰਵਾ ਸਕਣਾ ਸੰਭਵ ਨਹੀਂ ਜਾਪਦਾ । ਇਹੀ ਮਾਤ ਲੋਕ ਦਾ ਯਥਾਰਥ ਹੈ:

> *"ਜ਼ਿੰਦਗੀ ਦੀ ਚਾਲ ਵੇਖੋ : ਜੋ ਅੰਤ ਬਲਦੇਵ ਚਾਹੁੰਦਾ ਏ, ਉਹ ਮਨਰਾਜ (ਬਲਦੇਵ ਦੀ ਪਤਨੀ) ਨਹੀਂ ਚਾਹੁੰਦੀ। ਜੋ ਹੇਮਾ (ਬਲਦੇਵ ਦੀ ਪ੍ਰੇਮਿਕਾ) ਚਾਹੁੰਦੀ ਏ, ਉਹ ਨਾ ਮਨਰਾਜ ਚਾਹੁੰਦੀ ਏ। ਨਾ ਸ਼ਿਵ ਨਾਥ (ਹੇਮਾ ਦਾ ਪਤੀ) ਚਾਹੁੰਦਾ ਏ ਤੇ ਜੋ ਸ਼ਿਵ ਨਾਥ ਚਾਹੁੰਦਾ ਏ, ਉਹ ਨਾ ਬਲਦੇਵ ਚਾਹੁੰਦਾ ਏ, ਨਾ ਹੇਮਾ ਚਾਹੁੰਦੀ ਏ। ਇਸੇ ਲਈ ਇਹ ਸਾਰਾ ਮਾਮਲਾ ਏਨਾ ਉਲਝ ਗਿਆ।"* [5]

ਮਨਰਾਜ ਦੀ ਛੋਟੀ ਭੈਣ ਬੱਲੀ ਤੇ ਜੱਗਾ ਵੀ ਕਾਮਨਾਵਾਂ ਦੀ ਪੂਰਤੀ ਹਿਤ ਹੀ ਅੰਤਰ-ਜਾਤੀ ਪਿਆਰ ਵਿਆਹ ਕਰਵਾਉਂਦੇ ਹਨ। ਇਹ ਵਿਆਹ ਪਰਿਵਾਰ ਤੇ ਭਾਈਚਾਰੇ ਦੀ ਸੰਸਥਾ ਦੀ ਮਰਿਯਾਦਾ ਦੇ ਅੰਤਰਗਤ ਹੁੰਦਾ ਹੈ ਤੇ ਹੰਡਣਸਾਰ ਵੀ। ਪਰ ਜੱਗਾ, ਬਲਦੇਵ ਵਾਂਗ ਬੇਰੋਕ ਕਾਮਨਾਵਾਂ ਦੇ ਵਹਾਅ ਵਿਚ ਨਹੀਂ ਵਹਿੰਦਾ। ਸ਼ਾਇਦ ਇਹ ਪੇਂਡੂ ਤੇ ਸ਼ਹਿਰੀ ਜ਼ਿੰਦਗੀ ਦੇ ਵਿਹਾਰ ਦਾ ਅੰਤਰ ਹੈ ਜਾਂ ਜੱਗੇ ਨੂੰ ਕਬੀਲਦਾਰੀਆਂ ਦੇ ਬੋਝ ਨੇ ਏਨਾ ਨੱਪਿਆ ਹੋਇਆ ਹੈ ਕਿ ਵਿਆਹ ਬਾਹਰੇ ਕਾਮੁਕ ਰਿਸ਼ਤਿਆਂ ਲਈ ਉਤੇਜਨਾ ਹੀ ਖਤਮ ਹੋ ਗਈ ਹੈ। ਬਲਦੇਵ

*ਜਿਉਂ ਵਰਗੇ ਕਿਰਤੀ ਕਿਸਾਨ ਕਿਧਰ ਜਾਣ?...ਜਿਸ ਮਕਸਦ ਲਈ ਅਸਾਂ ਸਮਾਜ, ਸਟੇਟ, ਘਰ ਬਣਾਏ ਸਨ, ਉਹ ਉਧਾਲ ਲਏ ਗਏ ਹਨ, ਲੋਟੂਆਂ ਵਲੋਂ। ਉਹਨਾਂ ਸਾਰੇ ਧੰਦੇ, ਸਾਰੇ ਰਿਸ਼ਤੇ ਵਿਗਾੜ ਧਰੇ ਨੇ। ਰੋਲੀਆਂ ਪੀੜ ਮਿਲਣੀਆਂ ਨਾ ਕਰਾਵੋ- ਸਾਰਾ ਸਮਾਜ, ਸਾਰਾ ਸਿਸਟਮ ਬਦਲੋ।”*[9]

**ਮਾਤ ਲੋਕ** ਨਾਵਲ ਅਗਲਾ ਮਹੱਤਵਪੂਰਨ ਮੁੱਦਾ ਨਿਮਨ ਕਿਸਾਨੀ ਦੇ ਸੰਕਟਾਂ ਦਾ ਉਠਾਉਂਦਾ ਹੈ। ਨੌਵੇਂ ਦਹਾਕੇ ਵਿਚ ਉੱਭਰੀ ਪੰਜਾਬ ਸਮੱਸਿਆ ਨੇ ਕਿਸਾਨੀ ਸਮਾਜ 'ਤੇ ਆਪਣਾ ਪ੍ਰਭਾਵ ਪਾਇਆ ਹੈ। ਪੰਜਾਬ ਵਿਚ ਕੌਮੀਅਤ ਦਾ ਸੰਕਲਪ ਉਭਰਿਆ। ਭਾਵੇਂ ਜਨ-ਸੰਚਾਰ ਮਾਧਿਅਮ 'ਤੇ ਤਿੱਖੀ ਸੁਰ ਵਾਲੀ ਲੀਡਰਸ਼ਿਪ ਦੀ ਅਯੋਗ ਅਗਵਾਈ ਕਾਰਨ ਇਸ ਦਾ ਰੂਪ ਵੱਖਰੇ ਤੌਰ 'ਤੇ ਪੇਸ਼ ਕੀਤਾ ਗਿਆ। ਪ੍ਰੰਤੂ ਇਸ ਹਿੰਸਾਤਮਕ ਲਹਿਰ ਨੇ ਪੰਜਾਬ ਦੀ ਕਿਸਾਨੀ ਦੀ ਮਾਨਸਿਕ ਪੀੜਾ ਨੂੰ ਵਧਾਇਆ।[10] ਨਿਮਨ ਕਿਸਾਨੀ ਘੋਰ ਸੰਕਟਾਂ ਵੱਲ ਵਧਣ ਲੱਗੀ। ਬੇਸ਼ੱਕ ਸੱਠਵਿਆਂ ਦੌਰਾਨ ਖੇਤੀ ਸੈਕਟਰ ਵਿਚ ਆਈ ਹਰੀ ਕ੍ਰਾਂਤੀ ਨੇ ਕਿਸਾਨੀ ਨੂੰ ਠੁੰਮਣਾ ਦਿੱਤਾ ਪਰ ਇਸ ਦਾ ਵਧੇਰੇ ਲਾਭ ਧਨੀ ਕਿਸਾਨੀ ਨੂੰ ਹੀ ਹੋਇਆ। ਬਦਲਦੀਆਂ ਸਮਾਜਕ-ਆਰਥਕ ਸਥਿਤੀਆਂ ਦੇ ਅੰਤਰਗਤ ਸਮੁੱਚੀ ਸਟੇਟ ਲਈ ਵਾਫ਼ਰ ਪੈਦਾਵਾਰ ਦੇ ਫਲਸਰੂਪ ਮੰਡੀਕਰਨ ਦੀ ਸਮੱਸਿਆ, ਬੇਰੁਜ਼ਗਾਰ ਕਿਸਾਨੀ ਲਈ ਸੰਭਾਵਤ ਰਸਤੇ, ਕਿਸਾਨੀ ਵਿਚ ਹੋਈ ਨਵੀਂ ਰਾਜਨੀਤਿਕ ਸਫ਼ਬੰਦੀ, ਸਮਾਜਿਕ ਸੰਸਥਾਵਾਂ ਦੇ ਪਰੰਪਰਾਗਤ ਰੂਪ ਨੂੰ ਮਿਲੀ ਚੁਣੌਤੀ, ਜ਼ਮੀਨ ਦੀ ਵੰਡ ਦੀ ਸਮੱਸਿਆ ਵਰਗੇ ਸਮਕਾਲੀ ਪਰਿਵੇਸ਼ ਦੇ ਮੁੱਦੇ ਇਸ ਨਾਵਲ ਦੀ ਵਸਤ ਦਾ ਕੇਂਦਰ ਬਿੰਦੂ ਹਨ।[11] ਹਥਲਾ ਨਾਵਲ ਵਰਤਮਾਨ ਪੇਂਡੂ ਨਿਮਨ ਕਿਸਾਨੀ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਪੰਜਾਬ ਦੇ ਜ਼ਮੀਨੀ ਧਰਾਤਲ ਤੋਂ ਵਿਸਤ੍ਰਿਤ ਰੂਪ ਵਿਚ ਚਿਤਰਦਾ ਹੈ।

**ਮਾਤ ਲੋਕ** ਦੇ ਨਾਵਲੀ ਪਾਠ ਵਿਚ ਅਸੀਂ ਵੇਖਦੇ ਹਾਂ ਕਿ ਨਿਮਨ ਕਿਸਾਨ ਕਰਮ ਸਿੰਘ ਦੇ ਤਿੰਨ ਪੁੱਤਰ ਹਨ – ਇਕ ਸਰਕਾਰੀ ਮਾਸਟਰ, ਦੂਜਾ ਫ਼ੌਜੀ ਤੇ ਤੀਜਾ ਖੇਤੀਬਾੜੀ ਕਰਨ ਵਾਲਾ ਜਰਨੈਲ ਸਿੰਘ। ਮਾਸਟਰ ਤੇ ਫ਼ੌਜੀ ਸਾਰੀ ਜ਼ਮੀਨ ਤੇ ਘਰ ਨੂੰ ਤਿੰਨ ਹਿੱਸਿਆਂ ਵਿਚ ਵੰਡਣਾ ਚਾਹੁੰਦੇ ਹਨ। ਪਰ ਕਰਮ ਸਿੰਘ ਅਜਿਹਾ ਕਰਨ ਦੇ ਹੱਕ ਵਿਚ ਨਹੀਂ। ਉਹ ਚਾਹੁੰਦਾ ਹੈ ਕਿ ਸਿਰਫ਼ ਖੇਤੀਬਾੜੀ 'ਤੇ ਨਿਰਭਰ ਜਰਨੈਲ ਦੀ ਮਦਦ ਉਹ ਓਨੀ ਦੇਰ ਜ਼ਰੂਰ ਕਰੇ ਜਿੰਨੀ ਦੇਰ ਉਹ ਜਿਉਂਦਾ ਹੈ। ਪੰਜਾਬੀ ਲੋਕ ਵਿਰਸੇ ਵਿਚਲੀ ਧਾਰਨੀ "ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ" ਆਧੁਨਿਕ ਸਮਿਆਂ ਵਿਚ ਪਲਟ ਜਾਂਦੀ ਹੈ। 'ਚਾਕਰੀ' ਨਖਿੱਧ ਤੋਂ ਉੱਤਮ ਬਣ ਗਈ ਹੈ ਤੇ 'ਖੇਤੀ' ਉੱਤਮ ਤੋਂ ਨਖਿੱਧ। ਇਸੇ ਕਾਰਨ ਕਰਮ ਸਿੰਘ ਆਪਣੇ ਵੱਡੇ ਪੁੱਤਰ ਦੀ ਮਦਦ ਕਰਨਾ ਚਾਹੁੰਦਾ ਹੈ। ਪਰ ਮਾਸਟਰ ਤੇ ਫ਼ੌਜੀ, ਕਰਮ ਸਿੰਘ ਨੂੰ ਉਸ ਦਾ ਹਿੱਸਾ ਨਹੀਂ ਦੇਣਾ ਚਾਹੁੰਦੇ। ਉਹ ਫੈਸਲਾ ਕਰਾਉਣ ਆਏ ਜੱਗੇ ਨੂੰ ਆਖਦੇ ਹਨ:

"ਭਾਅ । ਤੈਂ ਕਦੇ ਸੁਣਿਐ...? ਬੁੜਾ ਸੁਦਾਈ ਹੋ ਗਿਐ।...ਜਦੋਂ ਤੁਸੀਂ ਅੱਡ ਹੋਏ...ਉਦੋਂ ਦਾਦੀ ਦਾ ਹਿੱਸਾ ਰੱਖਿਐ? ਸਾਰੀ ਜ਼ਮੀਨ ਜੈਦਾਤ ਦੇ ਬਰੋਬਰ ਦੋ ਹਿੱਸੇ ਨੀ ਪਾਏ? ਨਵਾਂ ਈ ਨਿਆਂ...। ਹਿਲ ਗਿਐ ਏਹਦਾ ਡਮਾਕ । ਸਮਝਾਦੇ ਜੇ ਸਮਝਦੈ। ਨਈਂ ਸਾਥੋਂ ਬੁਰਾ ਕੋਈ ਨੀ... ਫੇ ਨਾ ਆਖੀ...," [12]

ਇਉਂ ਨਾਵਲ ਘਟ ਜ਼ਮੀਨੇ ਨਿਮਨ ਕਿਸਾਨੀ ਪਰਿਵਾਰਾਂ ਵਿਚ ਜ਼ਮੀਨ ਦੀਆਂ ਪੈਂਦੀਆਂ ਵੰਡੀਆਂ ਅਤੇ ਟੁੱਟ ਰਹੀਆਂ ਪਰਿਵਾਰਕ ਸਾਂਝਾਂ ਨੂੰ ਆਪਣੇ ਕੇਂਦਰ ਵਿਚ ਲੈਂਦਾ ਹੈ। ਬਜ਼ੁਰਗ ਪੀੜ੍ਹੀ ਦਾ ਸੰਕਟ ਹੋਰ ਵੀ ਗਹਿਰਾਅ ਗਿਆ ਹੈ। ਚਾਵਾਂ ਤੇ ਮਲ੍ਹਾਰਾਂ ਨਾਲ ਪਾਲੇ ਪੁੱਤ ਹੀ ਜਾਇਦਾਦ ਦੀ ਅੰਨ੍ਹੀ ਕਾਮਨਾ ਤਹਿਤ ਬਜ਼ੁਰਗ ਮਾਂ-ਬਾਪ ਦੇ ਖ਼ੂਨ ਦੇ ਪਿਆਸੇ ਬਣੇ ਬੈਠੇ ਹਨ। ਆਪਸੀ ਭਾਈਚਾਰਕ ਸਾਂਝਾਂ ਨੂੰ ਪੈਸਾ ਮੁਖੀ ਕੀਮਤਾਂ ਨੇ ਖੇਰੂੰ-ਖੇਰੂੰ ਕਰ ਦਿੱਤਾ ਹੈ। ਪੈਸਾ ਹੀ ਅਜੋਕੇ ਬੰਦੇ ਦਾ ਵੱਡਾ ਝੋਰਾ ਬਣ ਗਿਆ ਜਾਪਦਾ ਹੈ।

ਨਿਮਨ ਕਿਸਾਨੀ ਦੇ ਬੇਰੁਜ਼ਗਾਰ ਹੋਣ ਅਤੇ ਉਸ ਦੇ ਬਦਲਾਂ/ਪ੍ਰਤੀਬਦਲਾਂ ਦਾ ਮੁੱਦਾ ਵੀ ਇਸ ਨਾਵਲ ਦੇ ਨਾਵਲੀ ਬਿਰਤਾਂਤ ਦਾ ਹਿੱਸਾ ਬਣਦਾ ਹੈ। ਨਾਵਲੀ ਪਾਠ ਵਿਚ ਅਸੀਂ ਵੇਖਦੇ ਹਾਂ ਕਿ ਜਰਨੈਲ ਸਿੰਘ ਦੇ ਤਿੰਨੇ ਪੁੱਤ ਪੜ੍ਹੇ-ਲਿਖੇ ਬੇਰੁਜ਼ਗਾਰ ਹਨ। ਆਪਣੇ ਪਰਿਵਾਰ ਦੀ ਗਰੀਬੀ/ਕੰਗਾਲੀ ਨੂੰ ਹੂੰਝ ਸੁੱਟਣ ਲਈ ਤੇ 'ਰਾਜੇ' ਦੀ ਜਿਦ ਕਾਰਨ ਕਰਮ ਸਿੰਘ ਆਪਣੇ ਪੋਤਰੇ (ਰਾਜੇ) ਨੂੰ ਵਿਦੇਸ਼ ਭੇਜਣ ਲਈ ਮਜ਼ਬੂਰੀ ਵੱਸ ਤਿਆਰ ਹੋ ਜਾਂਦਾ ਹੈ। ਰਾਜੇ ਨੂੰ ਵਿਦੇਸ਼ ਭੇਜਣ ਲਈ ਕਰਮ ਸਿੰਘ ਜ਼ਮੀਨ ਗਹਿਣੇ ਰੱਖ ਕੇ ਬੈਂਕ ਤੋਂ ਨਵਾਂ ਟਰੈਕਟਰ ਲੈਣ ਲਈ ਚੁੱਕਿਆ ਕਰਜਾ ਤੇ ਬਾਕੀ ਆੜਤੀਏ ਤੋਂ ਵਿਆਜ 'ਤੇ ਲੈ ਕੇ ਏਜੰਟ ਨੂੰ ਪੰਦਰਾਂ ਲੱਖ ਦੇ ਕੇ ਰਾਜੇ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਲਈ ਭੇਜਦਾ ਹੈ। ਪਰ ਉਸ ਨੂੰ ਲਾਹ ਜੰਗਲਾਂ ਵਿਚ ਦਿੱਤਾ ਜਾਂਦਾ ਹੈ। ਜੰਗਲ ਵਿਚੋਂ ਰਾਤ ਨੂੰ ਬਾਰਡਰ ਪਾਰ ਕਰਦਿਆਂ ਰਾਜੇ ਤੇ ਉਸਦੇ ਸਾਥੀਆਂ ਨੂੰ ਗੋਲੀਆਂ ਲੱਗ ਜਾਂਦੀਆਂ ਹਨ। ਉਨ੍ਹਾਂ ਵਿਚੋਂ ਕੁਝ ਤਾਂ ਮਰ ਜਾਂਦੇ ਹਨ ਤੇ ਕੁਝ ਬਚ ਜਾਂਦੇ ਹਨ। ਰਾਜੇ ਦੇ ਜਿਉਂਦੇ ਜਾਂ ਮਰੇ ਹੋਣ ਦਾ ਰਹੱਸ ਨਾਵਲ ਦੇ ਅੰਤ ਤੱਕ ਬਣਿਆ ਹੀ ਰਹਿੰਦਾ ਹੈ। ਇਹੀ ਰਹੱਸ ਜਿੰਦਰ ਬਾਰੇ ਬਣਿਆ ਹੋਇਆ ਹੈ। ਰਾਜਾ ਵਿਦੇਸ਼ੀ ਧਰਤੀ 'ਤੇ ਰੁਲ ਰਿਹਾ ਹੈ ਜਾਂ ਮਰ ਗਿਆ ਹੈ ਤੇ ਜਿੰਦਰ ਪੰਜਾਬੀ ਦੀ ਧਰਤੀ 'ਤੇ। ਇਨ੍ਹਾਂ ਪਾਤਰਾਂ ਦੇ ਹਵਾਲੇ ਨਾਲ ਨਾਵਲ ਪੰਜਾਬ ਦੀ ਗੁੰਮ-ਗਵਾਚ ਰਹੀ ਜਵਾਨੀ ਦਾ ਮੁੱਦਾ ਅਗਰ ਭੂਮੀ 'ਤੇ ਲੈ ਕੇ ਆਉਂਦਾ ਹੈ। ਸਥਿਤੀਆਂ ਅਜਿਹੀਆਂ ਗੁੰਝਲਦਾਰ ਬਣ ਗਈਆਂ ਹਨ ਜਾਂ ਬਣਾ ਦਿੱਤੀਆਂ ਗਈਆਂ ਹਨ ਕਿ ਨੇੜ ਭਵਿੱਖ ਵਿਚ ਇਸ ਮੁੱਦੇ ਦਾ ਹਲ ਕਿਤੇ ਨਜ਼ਰ ਨਹੀਂ ਆ ਰਿਹਾ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਡਾ. ਜਸਵਿੰਦਰ ਸਿੰਘ ਦਾ ਨਾਵਲ **ਮਾਤ ਲੋਕ** ਸਮਕਾਲੀ ਪੰਜਾਬੀ ਭਾਈਚਾਰੇ (ਪੇਂਡੂ ਤੇ ਸ਼ਹਿਰੀ) ਨੂੰ ਦਰਪੇਸ਼ ਘੋਰ ਸੰਕਟਾਂ ਨੂੰ ਪਾਠਕਾਂ ਦੇ ਸਨਮੁਖ ਲਿਆਉਂਦਾ ਹੈ। ਇਹ ਨਾਵਲ ਬੰਦੇ ਦੇ

ਜੀਵਨ ਯਥਾਰਥ ਨੂੰ ਅਵਚੇਤਨੀ ਧਰਾਤਲ ਤੋਂ ਸਿਰਜਣ ਲਈ ਨਵੀਂ ਵਿਧੀ ਨੂੰ ਅਪਣਾਉਂਦਾ ਹੋਇਆ ਪੰਜਾਬੀ ਨਾਵਲ ਦੀ ਵਿਸ਼ੇਸ਼ ਪ੍ਰਾਪਤੀ ਹੋ ਨਿਬੜਦਾ ਹੈ। ਇਹ ਨਾਵਲ ਪਾਠਕਾਂ ਦੇ ਅੰਤਰ ਮਨ ਵਿਚ ਸਵਾਲਾਂ ਨੂੰ ਪ੍ਰਸ਼ਨ ਚਿੰਨ੍ਹਾਂ ਵਾਂਗ ਖੜ੍ਹੇ ਕਰ ਦਿੰਦਾ ਹੈ ਪਰ ਉੱਤਰ ਨਹੀਂ ਦਿੰਦਾ। ਸਵਾਲਾਂ ਦੇ ਉੱਤਰ ਤਲਾਸ਼ਣ ਲਈ ਸੁਹਿਰਦ ਪਾਠਕਾਂ ਨੂੰ ਬਹਿਸ ਦੀ ਪ੍ਰਕਿਰਿਆ ਵਿਚ ਪਾ ਦੇਣ ਵਿਚ ਹੀ ਇਸ ਨਾਵਲ ਦੀ ਪ੍ਰਾਪਤੀ ਨਜ਼ਰ ਆਉਂਦੀ ਹੈ।

**ਹਵਾਲੇ**


1 ਧਰਮਿੰਦਰ ਸਿੰਘ, **ਸੱਤਾ ਦੇ ਭੰਜਨ ਦਾ ਪ੍ਰਵਚਨ** (ਮਿੱਤਰ ਸੈਨ ਮੀਤ ਦੇ ਨਾਵਲਾਂ ਦੇ ਸੰਦਰਭ ਵਿਚ), ਪੰਨਾ 6
2 ਸੁਰਜੀਤ ਸਿੰਘ, **ਪੰਜਾਬੀ ਨਾਵਲ : ਦ੍ਰਿਸ਼ ਅਤੇ ਦ੍ਰਿਸ਼ਟੀ**, ਪੰਨਾ 59
3 ਰਵਿੰਦਰ ਭੱਠਲ, **ਪੰਜਾਬੀ ਸਾਹਿਤ : ਸਮਕਾਲੀ ਦ੍ਰਿਸ਼**, ਪੰਨਾ 3
4 ਟੀ.ਆਰ.ਵਿਨੋਦ, **ਨਾਵਲ ਸ਼ਾਸ਼ਤਰ ਤੇ ਪੰਜਾਬੀ ਨਾਵਲ**, ਪੰਨਾ 28
E ਜਸਵਿੰਦਰ ਸਿੰਘ, **ਮਾਤ ਲੋਕ**, ਪੰਨਾ 373
6 ਰਜਨੀਸ਼ ਬਹਾਦਰ, **ਗਲਪ ਅਧਿਐਨ**, ਪੰਨਾ 21
7 ਜਸਵਿੰਦਰ ਸਿੰਘ, **ਮਾਤ ਲੋਕ**, ਪੰਨਾ 97
8 ਉਹੀ, ਪੰਨਾ 131-132
9 ਉਹੀ, ਪੰਨਾ 374-375
10 ਰਜਨੀਸ਼ ਬਹਾਦਰ, **ਗਲਪ ਅਧਿਐਨ**, ਪੰਨਾ 32
11 ਉਹੀ, **ਪੰਜਾਬੀ ਸਾਹਿਤ : ਸਮਕਾਲੀ ਦ੍ਰਿਸ਼**, ਪੰਨਾ 92-93
12 ਜਸਵਿੰਦਰ ਸਿੰਘ, **ਮਾਤ ਲੋਕ**, ਪੰਨਾ 241


---